# ਦਫ਼ਤਰ ਨਗਰ ਸੁਧਾਰ ਟਰੱਸਟ, ਲੁਧਿਆਣਾ

## ਜਨਤਕ ਨੋਟਿਸ

ਦਫ਼ਤਰ ਨਗਰ ਸੁਧਾਰ ਟਰੱਸਟ, ਲੁਧਿਆਣਾ ਵਲੋਂ ਅਟੱਲ ਅਪਾਰਟਮੈਂਟ ਸਕੀਮ ਸੰਬੰਧੀ ਮਿਤੀ 15.02.2026 ਤੋਂ ਮਿਤੀ 14.03.2026 ਤੱਕ 43 ਐਚ. ਆਈ. ਜੀ. ਅਤੇ 136 ਐਮ. ਆਈ. ਜੀ. ਫ਼ਲੈਟਾਂ ਲਈ ਦਰਖ਼ਾਸਤਾਂ ਦੀ ਮੰਗ ਕੀਤੀ ਗਈ ਸੀ। ਇਨ੍ਹਾਂ ਫ਼ਲੈਟਾਂ ਵਿਚ ਐਚ. ਆਈ. ਜੀ. ਫ਼ਲੈਟਾਂ ਵਾਸਤੇ 566 ਅਤੇ ਐਮ. ਆਈ. ਜੀ. ਫ਼ਲੈਟਾਂ ਵਾਸਤੇ 974 ਕੁੱਲ 1540 ਦਰਖ਼ਾਸਤਾਂ ਪ੍ਰਾਪਤ ਹੋਈਆਂ ਹਨ ਜਿਨ੍ਹਾਂ ਵਿਚ ਦਰਖ਼ਾਸਤਾਂ ਦੀ ਸਕਰੂਟਨੀ ਕਰਨ ਉਪਰੰਤ ਮਿਤੀ 23.03.2026 ਨੂੰ ਦਫ਼ਤਰ ਦੇ ਨੋਟਿਸ ਬੋਰਡ ਤੇ ਅਤੇ ਨਾਲ ਨਗਰ ਸੁਧਾਰ ਟਰੱਸਟ, ਲੁਧਿਆਣਾ ਦੀ ਵੈੱਬਸਾਈਟ 'ਤੇ ਅਪਲੋਡ ਕਰ ਦਿੱਤੀ ਗਈ ਸੀ। ਜਿਨ੍ਹਾਂ ਦਰਖ਼ਾਸਤਕਰਤਾ ਵਲੋਂ ਆਪਣੇ ਆਬਜੈਕਸ਼ਨ ਦਿੱਤੇ ਸਨ, ਉਨ੍ਹਾਂ ਦੀ ਸੋਧ ਕਰਨ ਉਪਰੰਤ ਫਾਈਨਲ ਲਿਸਟ ਦੁਬਾਰਾ ਦਫ਼ਤਰ ਦੀ ਵੈੱਬਸਾਈਟ 'ਤੇ ਅਪਲੋਡ ਕਰ ਦਿੱਤੀ ਗਈ ਹੈ।

ਨਗਰ ਸੁਧਾਰ ਟਰੱਸਟ, ਲੁਧਿਆਣਾ ਵਲੋਂ 43 ਐਚ. ਆਈ. ਜੀ. ਅਤੇ 136 ਐਮ. ਆਈ. ਜੀ. ਫ਼ਲੈਟਾਂ ਦਾ ਡਰਾਅ ਮਿਤੀ 14.04.2026 (ਦਿਨ ਮੰਗਲਵਾਰ) ਨੂੰ ਸਵੇਰੇ 11.00 ਵਜੇ ਨਹਿਰੂ ਸਿਧਾਂਤ ਕੇਂਦਰ, ਫ਼ਿਰੋਜ਼ ਗਾਂਧੀ ਮਾਰਕਿਟ, ਲੁਧਿਆਣਾ ਵਿਖੇ ਕੱਢਿਆ ਜਾ ਰਿਹਾ ਹੈ। ਇਸ ਲਈ ਹਰ ਆਮ ਅਤੇ ਖ਼ਾਸ ਨੂੰ ਇਸ ਜਨਤਕ ਨੋਟਿਸ ਰਾਹੀਂ ਨਿਸਚਿਤ ਦਿਨ, ਸਮੇਂ ਅਤੇ ਸਥਾਨ 'ਤੇ ਡਰਾਅ ਸਮੇਂ ਸ਼ਾਮਿਲ ਹੋਣ ਲਈ ਸੱਦਾ ਦਿੱਤਾ ਜਾਂਦਾ ਹੈ। ਇਸ ਡਰਾਅ ਲਈ ਵੱਖਰੇ ਤੌਰ 'ਤੇ ਕਿਸੇ ਵੀ ਦਰਖ਼ਾਸਤਕਰਤਾ ਨੂੰ ਨੋਟਿਸ ਨਹੀਂ ਭੇਜੇ ਜਾ ਰਹੇ ਹਨ।

**ਸਹੀ/- (ਹਰਿੰਦਰ ਸਿੰਘ ਚਹਿਲ)**
**ਕਾਰਜ ਸਾਧਕ ਅ.ਫਸਰ**
**ਨਗਰ ਸੁਧਾਰ ਟਰੱਸਟ, ਲੁਧਿਆਣਾ**

**ਸਹੀ/- (ਤਰਸੇਮ ਸਿੰਘ ਭਿੰਡਰ)**
**ਚੇਅਰਮੈਨ,**
**ਨਗਰ ਸੁਧਾਰ ਟਰੱਸਟ ਲੁਧਿਆਣਾ**

**PR-Advt No:-1147/12/2026-27/10287**